# ELECTION CELL

**Electoral Registration Officer,**

**AC- 093-BATHINDA RURAL(SC)**

Gpc Bti, Civil Block, Opposite Cantonment Area Bti.

Email:: Bathindarural093ac@gmail.com


ਜ਼ਿੰਮੇਵਾਰ ਬਣੋ　　　　　　　　　　　　　　　　ਵੋਟਰ ਬਣੋ

No ਚਸ/2026/423　　　　　　　　　　　　　　　Dated: 07-04-2026

ਵੱਲ,

ਸਮੂਹ ਸੁਪਰਵਾਈਜ਼ਰ/ਬੀ.ਐਲ.ਓ
093 ਬਠਿੰਡਾ ਦਿਹਾਤੀ।

ਵਿਸ਼ਾ:- **Regarding Mapping of Electors .**

ਹਵਾਲਾ:- **ਜਿਲ੍ਹਾ ਚੋਣ ਅਫ਼ਸਰ, ਬਠਿੰਡਾ ਜੀ ਦੇ ਦਫ਼ਤਰ ਦੇ ਪੱਤਰ ਨੰ: 682-87 ਮਿਤੀ: 20-03-2026 ਅਤੇ ਇਸ ਦਫ਼ਤਰ ਦੇ ਪੱਤਰ ਨੰ: 400 ਮਿਤੀ: 30-03-2026 ਦੇ ਸਬੰਧ ਵਿੱਚ।**

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਰਾਹੀਂ ਪ੍ਰਾਪਤ ਹੋਈਆਂ ਹਦਾਇਤਾਂ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਵੋਟਰ ਸੂਚੀਆਂ ਦੀ ਮੈਪਿੰਗ ਦਾ ਕੰਮ ਪ੍ਰਗਤੀ ਅਧੀਨ ਹੈ। ਜਿਸ ਸਬੰਧੀ ਮਾਣਯੋਗ ਮੁੱਖ ਚੋਣ ਅਫਸਰ, ਪੰਜਾਬ ਜੀ ਵੱਲੋਂ ਮਿਤੀ: 06-04-2026 ਨੂੰ ਜਿਲ੍ਹਾ-ਚੋਣ-ਅਫਸਰ, ਬਠਿੰਡਾ ਜੀ ਅਤੇ ਸਮੂਹ ਈ.ਆਰ.ਓ ਨਾਲ ਵੀ.ਸੀ ਕੀਤੀ ਗਈ। ਇਸ ਦੌਰਾਨ ਉਨ੍ਹਾਂ ਵੱਲੋਂ ਵੋਟਰ ਮੈਪਿੰਗ ਦੀ ਪ੍ਰਤੀਸ਼ਤਤਾ ਵਧਾਉਣ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ ਅਤੇ ਇਸ ਕੰਮ ਨੂੰ ਜਲਦ ਤੋਂ ਜਲਦ ਮੁਕੰਮਲ ਕਰਨ ਦੀ ਹਦਾਇਤ ਕੀਤੀ ਜਾਂਦੀ ਹੈ।

ਹੁਣ ਇਸ ਸਬੰਧੀ ਸਮੂਹ ਸੁਪਰਵਾਈਜ਼ਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਅਨੁਸਾਰ ਆਪਣੇ ਅਧੀਨ ਆਉਂਦੇ ਬੂਥਾਂ ਦੀ ਮੈਪਿੰਗ ਸਬੰਧੀ ਰਿਪੋਰਟ ਰੋਜ਼ਾਨਾ ਮੋਨੀਟਰ ਕਰਨਗੇ ਅਤੇ ਸੰਬੰਧਤ ਬੀ.ਐਲ.ਓ ਦੀ ਫ਼ੀਲਡ ਵਿੱਚ ਹਾਜ਼ਰੀ ਚੈੱਕ ਕਰਨੀ ਅਤੇ ਲੋੜੀਂਦਾ ਸਹਿਯੋਗ ਦੇਣਾ ਯਕੀਨੀ ਬਣਾਉਣਗੇ ਅਤੇ ਆਪਣੇ ਸੈਕਟਰ ਦਾ 100 ਪ੍ਰਤੀਸ਼ਤ ਕੰਮ **ਮਿਤੀ: 13.04.2026 ਤੱਕ ਪੂਰਾ ਕਰਵਾਉਣ** ਦੇ ਪਾਬੰਦ ਹੋਣਗੇ। ਇਸ ਸਬੰਧੀ ਮਿਤੀ: 10-04-2026 ਤੋਂ ਮਿਤੀ: 12-04-2026 ਤੱਕ ਬੂਥਾਂ ਤੇ ਸਪੈਸ਼ਲ ਕੈਂਪ ਲਗਾਏ ਜਾਣ ਅਤੇ ਮਿਤੀ: 13.04.2026 ਤੱਕ ਕੰਮ ਮੁਕੰਮਲ ਕੀਤਾ ਜਾ ਸਕੇ ਅਤੇ ਅਗਾਮੀ ਹੋਣ ਵੀਡਿਓ ਕਾਨਫਰੰਸ ਤੱਕ ਇਸ ਕੰਮ ਨੂੰ ਹਰ ਹਾਲਤ ਵਿੱਚ ਮੁਕੰਮਲ ਕੀਤਾ ਜਾ ਸਕੇ। **ਨਿਯਤ ਮਿਤੀ ਤੋਂ ਬਾਅਦ ਜੇਕਰ ਕਿਸੇ ਬੀ.ਐਲ.ਓ ਦੀ ਵੋਟਰ ਮੈਪਿੰਗ ਸਬੰਧੀ ਘੱਟ ਪ੍ਰੋਗਰੈਸ ਪਾਈ ਜਾਂਦੀ ਹੈ ਤਾਂ ਸਬੰਧਤ ਬੀ.ਐਲ.ਓ ਅਤੇ ਸੈਕਟਰ ਅਫ਼ਸਰ ਦੇ ਖਿਲਾਫ਼ ਲੋਕ ਪ੍ਰਤੀਨਿਧਤਾ ਐਕਟ 1950 ਦੀ ਧਾਰਾ 32 ਤਹਿਤ ਕਾਨੂੰਨੀ ਕਾਰਵਾਈ ਕਰਨ ਲਈ ਉੱਚ ਅਧਿਕਾਰੀਆਂ ਨੂੰ ਲਿਖ ਦਿੱਤਾ ਜਾਵੇਗਾ ਜਿਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਬੀ.ਐਲ.ਓ ਅਤੇ ਸੈਕਟਰ ਅਫ਼ਸਰ ਦੀ ਹੋਵੇਗੀ ਇਸ ਸਬੰਧੀ ਕਿਸੇ ਕਿਸਮ ਦੀ ਅਣਗਹਿਲੀ ਨਾ ਵਰਤੀ ਜਾਵੇ ਅਤੇ ਨਿਮਨਹਸਤਾਖ਼ਰ ਦੇ ਹੁਕਮਾਂ ਨੂੰ ਗੰਭੀਰਤਾ ਨਾਲ ਲਿਆ ਜਾਵੇ।**

**ਚੋਣਕਾਰ ਰਜਿਸਟਰੇਸ਼ਨ ਅਫ਼ਸਰ,**
**093 ਬਠਿੰਡਾ ਦਿਹਾਤੀ ।**

**ਪਿੱਠ ਅੰਕਣ ਨੰ: 424-25**　　　　　　　　　　**ਮਿਤੀ: 07-04-2026**

ਇਸ ਦਾ ਇੱਕ ਉਤਾਰਾ:

1. ਜਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਬਠਿੰਡਾ ਜੀ ਪਾਸ ਸੂਚਨਾ ਹਿੱਤ।
2. ਸਮੂਹ ਵਿਭਾਗਾਂ ਦੇ ਮੁੱਖੀਆਂ ਨੂੰ ਇਸ ਦਫਤਰ ਦੇ ਪਿੱਠ ਅੰਕਣ ਨੰ: 401-02 ਮਿਤੀ: 30-03-2026 ਦੀ ਲਗਾਤਾਰਤਾ ਵਿੱਚ ਭੇਜ ਕੇ ਲਿਖਿਆ ਜਾਂਦਾ ਹੈ ਕਿ ਜਿੰਨ੍ਹਾਂ ਕਰਮਚਾਰੀਆਂ ਦੀ ਡਿਊਟੀ 093 ਬਠਿੰਡਾ ਦਿਹਾਤੀ ਹਲਕੇ ਅਧੀਨ ਬਤੌਰ ਬੀ.ਐਲ.ਓ/ਸੁਪਰਵਾਈਜ਼ਰ ਲੱਗੀ ਹੋਈ ਹੈ, **ਉਨ੍ਹਾਂ ਨੂੰ ਮਿਤੀ: 16-04-2026 ਤੱਕ ਵਿਭਾਗੀ ਕੰਮ ਤੋਂ ਫ਼ਾਰਗ ਕੀਤਾ ਜਾਵੇ** ਅਤੇ ਉਕਤ ਅਨੁਸਾਰ ਕੈਂਪਾਂ ਦੌਰਾਨ 093 ਅਧੀਨ ਆਉਂਦੇ ਬੂਥਾਂ/ਬਿਲਡਿੰਗਾਂ/ਸਕੂਲਾਂ ਨੂੰ ਸਮੇਂ ਸਿਰ ਖੁੱਲ੍ਹਾ ਰੱਖਿਆ ਜਾਵੇ ਅਤੇ ਕੈਂਪ ਦੌਰਾਨ ਬੀ.ਐਲ.ਓ ਦੇ ਸਹਿਯੋਗ ਲਈ ਲੋੜੀਂਦਾ ਫ਼ਰਨੀਚਰ/ਪਾਣੀ ਆਦਿ ਦਾ ਪ੍ਰਬੰਧ ਕਰਨਾ ਯਕੀਨੀ ਬਣਾਇਆ ਜਾਵੇ ਤਾਂ ਜੋ ਉਕਤ ਅਨੁਸਾਰ ਚੱਲ ਰਹੇ ਅਹਿਮ ਕੰਮਾਂ ਨੂੰ ਸਮੇਂ ਸਿਰ ਮੁਕੰਮਲ ਕੀਤਾ ਜਾ ਸਕੇ।

**ਚੋਣਕਾਰ ਰਜਿਸਟਰੇਸ਼ਨ ਅਫ਼ਸਰ,**
**093 ਬਠਿੰਡਾ ਦਿਹਾਤੀ ।**

## ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ

ਪਿਠ ਅੰਕਣ ਨੰ ਜੀ-1/1 ( )2026/ 3006　　　　　　ਮਿਤੀ : 07.04.26

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ (093 ਬਠਿੰਡਾ )ਭੇਜਕੇ ਲਿਖਿਆ ਜਾਂਦਾ ਹੈ ਕਿ ਸਬੰਧਤ ਕਰਮਚਾਰੀ ਨੂੰ ਉਕਤ ਅਨੁਸਾਰ ਲਗਾਈ ਗਈ ਡਿਊਟੀ ਲਈ ਪਾਬੰਦ ਕੀਤਾ ਜਾਵੇ ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।

Scanned with CamScanner